PhD/MPhil-01

Roll No: ..........

Department of Punjabi

University of Delhi

Course: Ph. D. / M. Phil. Punjabi

Paper: I – Course Work – Research Methodology

(May-2019)

**Time Allowed: 3 Hours** **Maximum Marks: 80**

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਖੋਜ ਦੇ ਅਰਥ ਅਤੇ ਮਹੱਤਵ ਨੂੰ ਸਪਸ਼ਟ ਕਰਦਿਆਂ, ਪਰਿਕਲਪਨਾਵਾਂ ਦੇ ਨਿਰਮਾਣ ਸੰਬੰਧੀ ਵਿਸਤਾਰਪੂਰਵਕ ਚਰਚਾ ਕਰੋ।

ਜਾਂ

ਖੋਜ-ਨਿਬੰਧ ਨੂੰ ਵਿਗਿਆਨਕ ਲੀਹਾਂ 'ਤੇ ਲਿਖਣ ਅਤੇ ਉਸ ਦੀ ਪੇਸ਼ਕਾਰੀ ਲਈ ਅਪਣਾਈ ਜਾਣ ਵਾਲੀ ਵਿਧੀ ਦੇ ਵਿਭਿੰਨ ਚਰਣਾਂ ਨਾਲ ਜਾਣ-ਪਛਾਣ ਕਰਵਾਓ। 15

## ਭਾਗ ਦੂਜਾ

2. ਖੋਜ ਨਾਲ ਸੰਬੰਧਿਤ ਸਾਹਿਤ ਦਾ ਸਰਵੇਖਣ ਕਰਨ ਦੀ ਵਿਧੀ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

ਹੱਥ ਲਿਖਤਾਂ ਦਾ ਭਾਵ ਸਪਸ਼ਟ ਕਰਦਿਆਂ, ਇਨ੍ਹਾਂ ਦੀਆਂ ਕਿਸਮਾਂ, ਸੰਭਾਲ, ਮਹੱਤਵ ਅਤੇ ਇਨ੍ਹਾਂ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 15



Scanned with CamScanner

## ਭਾਗ ਤੀਜਾ

3. ਪ੍ਰਕਾਸ਼ਿਤ ਅਤੇ ਅਣਪ੍ਰਕਾਸ਼ਿਤ ਖੋਜ ਕਾਰਜਾਂ ਦਾ ਰਿਵਿਊ ਕਰਨ ਦੀ ਵਿਧੀ ਬਾਰੇ ਵਿਸਤਾਰ ਪੂਰਵਕ ਚਰਚਾ ਕਰੋ।

ਜਾਂ

ਖੋਜ ਦੌਰਾਨ ਨੋਟਸ ਤਿਆਰ ਕਰਨ ਦੀ ਕੀ ਵਿਧੀ ਹੋਣੀ ਚਾਹੀਦੀ ਹੈ ? ਵਿਸਤ੍ਰਿਤ ਨੋਟ ਲਿਖੋ। 15

## ਭਾਗ ਚੌਥਾ

4. ਖੋਜ-ਨਿਬੰਧ ਦੀ ਚੋਣ ਵਿਚ ਸੰਚਾਰ ਸਾਧਨਾਂ ਦੀ ਭੂਮਿਕਾ ਬਾਰੇ ਸਮੀਖਿਆਤਮਕ ਨੋਟ ਲਿਖੋ।

ਜਾਂ

ਖੋਜ ਵਿਚ ਇੰਟਰਨੈਟ ਸਰੋਤਾਂ ਦੀ ਸਾਰਥਕਤਾ ਬਾਰੇ ਆਪਣੇ ਵਿਚਾਰ ਪੇਸ਼ ਕਰੋ। 15

## ਭਾਗ ਪੰਜਵਾਂ

5. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ:

ੳ) ਕਾਪੀਰਾਈਟ ਤੋਂ ਕੀ ਭਾਵ ਹੈ ?

ਅ) ਖੋਜ ਸਮੱਗਰੀ ਵਿਚ ਪ੍ਰਾਥਿਮਕ ਅਤੇ ਗੌਣ ਸ੍ਰੋਤਾਂ ਤੋਂ ਕੀ ਭਾਵ ਹੈ ?

ੲ) ਖੋਜ ਦੀ ਆਗਮਨ ਅਤੇ ਨਿਗਮਨ ਵਿਧੀ ਨਾਲ ਜਾਣ-ਪਛਾਣ ਕਰਵਾਓ।

ਸ) ਡਿਜੀਟਲ ਲਾਇਬਰੇਰੀ ਕੀ ਹੁੰਦੀ ਹੈ ?

4 X 5 = 20

Scanned with CamScanner

Department of Punjabi

University of Delhi

Course: M. Phil./Ph.D Punjabi

Coursework Paper-II

Antar-Anushasni Sahit Sidhant

(May-2019)

**Time Allowed: 3 Hours** **Maximum Marks: 80**

ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

**ਭਾਗ–I**

1. ਭਰਤ ਮੁਨੀ ਦੇ ਸੂਤਰ ਦੇ ਆਧਾਰ 'ਤੇ ਰਸ ਸਿਧਾਂਤ ਬਾਰੇ ਚਰਚਾ ਕਰੋ।

**ਜਾਂ**

ਅਪੋਹਵਾਦ, ਸ਼ੂਨਯਵਾਦ ਅਤੇ ਸਫੋਟਵਾਦ ਬਾਰੇ ਵਿਸਤ੍ਰਿਤ ਨੋਟ ਲਿਖੋ। **15**

**ਭਾਗ –II**

2. ਉਤਰ-ਸੰਰਚਨਾਵਾਦ ਦੇ ਸੰਕਲਪ ਅਤੇ ਮੁਖ ਚਿੰਤਕਾਂ ਸਬੰਧੀ ਜਾਣ-ਪਛਾਣ ਕਰਵਾਓ।

**ਜਾਂ**

'ਲੂਈ ਅਲਥੂਸਰ ਦੇ ਨਵ-ਮਾਰਕਸਵਾਦ ਵਿਚ ਵਿਚਾਰਧਾਰਾ ਦਾ ਸਿਧਾਂਤ ਕੇਂਦਰੀ ਹੈਸੀਅਤ ਰੱਖਦਾ ਹੈ'। ਇਸ ਕਥਨ ਦੇ ਹਵਾਲੇ ਨਾਲ ਨਵ-ਮਾਰਕਸਵਾਦ ਬਾਰੇ ਚਰਚਾ ਕਰੋ। **15**

**ਭਾਗ –III**

3. 'ਉਤਰ-ਆਧੁਨਿਕਤਾ ਨਾਲ ਸਿਧਾਂਤਕ ਅਤੇ ਅਭਿਆਸ ਦੇ ਪੱਧਰ ਉੱਤੇ ਵੱਡੀ ਤਬਦੀਲੀ ਵਾਪਰੀ ਹੈ।' ਚਰਚਾ ਕਰੋ।

**ਜਾਂ**

ਉਤਰ-ਬਸਤੀਵਾਦ ਦੇ ਸਿਧਾਂਤਕ ਚੌਖਟੇ, ਕਾਰਜ ਖੇਤਰ ਅਤੇ ਇਤਿਹਾਸ ਉਪਰ ਵਿਸਤ੍ਰਿਤ ਨੋਟ ਲਿਖੋ। **15**

**ਭਾਗ–IV**

4. 'ਪੱਛਮ ਵਲੋਂ ਤੀਜੀ ਦੁਨੀਆਂ ਉਪਰ ਪਾਇਆ ਜਾ ਰਿਹਾ ਗ਼ਲਬਾ ਇਕ ਚੇਤੰਨ ਪ੍ਰਕਿਰਿਆ ਹੈ।' ਪੂਰਬਵਾਦ ਦੇ ਸਿਧਾਂਤਕ ਚੌਖਟੇ ਵਿਚ ਇਸ ਕਥਨ ਦੀ ਪੁਸ਼ਟੀ ਕਰੋ।

**ਜਾਂ** **15**

ਨਵ-ਇਤਿਹਾਸਵਾਦ ਦੇ ਸਿਧਾਂਤ ਸਬੰਧੀ ਚਰਚਾ ਕਰਦੇ ਹੋਏ ਇਸਦੇ ਮੂਲ ਸੰਕਲਪਾਂ ਬਾਰੇ ਜਾਣਕਾਰੀ ਦਿਓ।

Scanned with CamScanner

ਭਾਗ -V

5. **ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ;**

1. ਮੈਟਾ-ਆਲੋਚਨਾ ਨੂੰ ਪਰਿਭਾਸ਼ਤ ਕਰੋ।
2. ਸਾਧਾਰਨੀਕਰਨ ਦੇ ਸਿਧਾਂਤ ਬਾਰੇ ਸੰਖੇਪ ਜਾਣਕਾਰੀ ਦਿਓ।
3. ਵਿਅੰਜਨਾ ਸ਼ਬਦ ਸ਼ਕਤੀ ਬਾਰੇ ਤੁਸੀਂ ਕੀ ਸਮਝਦੇ ਹੋ।
4. ਕੁਈਰ ਸਿਧਾਂਤ ਬਾਰੇ ਤੁਸੀਂ ਕੀ ਜਾਣਦੇ ਹੋ? **4x5=20**

Scanned with CamScanner

Phil-3(i)

Exam : M.Phil. Punjabi
Subject : Punjabi
Paper : Madhkali Punjabi Sahit
Option : III-(i) Gurmat Kaav
(Admission of 2019 & onwards)
(May-2019)

Time Allowed : 3 Hours

Maximum Marks : 80

**ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

1. ਗੁਰਮਤਿ-ਕਾਵਿ ਦੇ ਸਾਧਨਾ ਪੱਖ ਬਾਰੇ ਆਪਣੇ ਵਿਚਾਰ ਪੇਸ਼ ਕਰੋ। 15

**ਜਾਂ**

ਕੀ ਗੁਰਮਤਿ-ਕਾਵਿ ਦਾ ਕਾਵਿ-ਸ਼ਾਸਤ੍ਰ ਉਸਾਰਿਆ ਜਾ ਸਕਦਾ ਹੈ ? ਉੱਤਰ ਦਲੀਲਾਂ ਸਹਿਤ ਦਿਓ।

2. ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕ ਵਿਚਾਰਧਾਰਾ ਬਾਰੇ ਸਮੀਖਿਆਤਮਕ ਅਧਿਐਨ ਉਸਾਰੋ।

**ਜਾਂ**

ਗੁਰਮਤਿ-ਕਾਵਿ ਦੇ ਸਮਾਜਕ-ਸਭਿਆਚਾਰਕ ਪੱਖ ਦੀ ਨਿਸ਼ਾਨਦੇਹੀ ਕਰੋ।

3. 'ਆਸਾ ਦੀ ਵਾਰ' ਬਾਣੀ ਦੀ ਦਾਰਸ਼ਨਿਕਤਾ ਬਾਰੇ ਆਪਣੇ ਵਿਚਾਰ ਪੇਸ਼ ਕਰੋ। 15

**ਜਾਂ**

'ਆਸਾ ਦੀ ਵਾਰ' ਬਾਣੀ ਵਿਚੋਂ 'ਪ੍ਰਕ੍ਰਿਤੀ ਤੇ ਸੰਸਕ੍ਰਿਤੀ' ਬਾਰੇ ਉਭਰਦੇ ਸੰਕਲਪ ਦੀ ਚਰਚਾ ਕਰੋ। 15

4. ਗੁਰੂ ਅਰਜਨ ਦੇਵ ਜੀ ਅਤੇ ਭਗਤ ਕਬੀਰ ਜੀ ਦੁਆਰਾ ਰਚਿਤ 'ਬਾਵਨ ਅੱਖਰੀ' ਰਚਨਾਵਾਂ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ। 15

**ਜਾਂ**

ਭਗਤ ਕਬੀਰ ਜੀ ਦੁਆਰਾ ਰਚਿਤ 'ਬਾਵਨ ਅੱਖਰੀ' ਦਾ ਵਿਹਾਰਕ ਅਧਿਐਨ ਉਲੀਕੋ।

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :-

(ੳ) ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਵਿਚਲਾ ਅੰਤਰ ਸਪੱਸ਼ਟ ਕਰੋ।

(ਅ) ਜਪੁਜੀ ਦੇ ਪੰਜ ਖੰਡਾਂ ਬਾਰੇ ਟਿੱਪਣੀ ਕਰੋ।

(ੲ) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਬਾਰੇ ਟਿੱਪਣੀ ਕਰੋ।

(ਸ) ਗੁਰੂ ਨਾਨਕ ਦੇਵ ਜੀ ਦੀ ਵਿਸ਼ਵ ਦ੍ਰਿਸ਼ਟੀ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ। 5×4=20

—0—

Scanned with CamScanner

M.Phil-3(ii)

Roll No……

Department of Punjabi, University of Delhi, Delhi-07
M.Phil. (Punjabi)
**Course No**–3 (ii)
**Paper:**Sufi Kaav
(2019)

**ਕੁੱਲ ਸਮਾਂ:ਤਿੰਨ ਘੰਟੇ** **ਕੁੱਲ ਅੰਕ: 80**

**ਭਾਗ 1**

**ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

1. ਸੂਫ਼ੀਵਾਦ ਦੇ ਪ੍ਰਮੁੱਖ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਉਸਾਰਦਿਆਂ, ਸੂਫ਼ੀਮਤ ਨਾਲ ਸੰਬੰਧਤ ਪ੍ਰਮੁੱਖ ਸਿਲਸਿਲਿਆਂ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

   ਜਾਂ

   ਸੂਫ਼ੀ ਕਾਵਿ ਦੇ ਦਾਰਸ਼ਨਿਕ ਤੇ ਵਿਚਾਰਧਾਰਕ ਅਧਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

2. ਪੰਜਾਬੀ ਸੂਫ਼ੀ ਕਾਵਿ ਬਾਰੇ ਉਪਲਬਧ ਉਪਾਧੀ ਨਿਰਪੇਖ ਖੋਜ ਕਾਰਜਾਂ ਦਾ ਆਲੋਚਨਾਤਮਕ ਅਧਿਐਨ ਪ੍ਰਸਤੁਤ ਕਰੋ।

   ਜਾਂ

   ਪੰਜਾਬੀ ਸੂਫ਼ੀ ਕਾਵਿ ਨਾਲ ਸੰਬੰਧਤ ਉਪਾਧੀ ਸਾਪੇਖ ਖੋਜ ਕਾਰਜਾਂ ਦੀ ਸਮੀਖਿਆਤਮਕ ਪੜ੍ਹਤ ਉਸਾਰੋ।

3. ਪੰਜਾਬੀ ਸੂਫ਼ੀ ਕਾਵਿ ਦੇ ਸਮਾਜਕ ਸਰੋਕਾਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਓ।

   ਜਾਂ

   ਪੰਜਾਬੀ ਸੂਫ਼ੀ ਕਾਵਿ ਵਿਚ ਸਥਾਪਤ ਸੰਸਥਾਗਤ ਪ੍ਰਬੰਧਾਂ ਪ੍ਰਤਿ ਨਾਬਰੀ ਦੇ ਪ੍ਰਵਚਨ ਬਾਰੇ ਸਮੀਖਿਆਤਮਕ ਨੋਟ ਲਿਖੋ।

4. ਸ਼ਾਹ ਹੁਸੈਨ ਦੀ ਕਾਵਿ ਕਲਾ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰੋ।

   ਜਾਂ

   ਬੁੱਲ੍ਹੇ ਸ਼ਾਹ ਦੀ ਰਚਨਾ ਵਿਚ ਧਾਰਮਿਕ, ਸਮਾਜਕ ਤੇ ਸਿਆਸੀ ਨਾਬਰਾਬਰੀ ਪ੍ਰਤਿ ਉਸਾਰੇ ਪ੍ਰਵਚਨ ਬਾਰੇ ਵਿਸਥਾਰਪੂਰਵਕ ਨੋਟ ਲਿਖੋ।

4X15=60

**ਭਾਗ ਦੂਜਾ**

5. **ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ-**

ੳ. ਚਿਸ਼ਤੀ ਸਿਲਸਿਲੇ ਬਾਰੇ ਸੰਖੇਪ ਟਿੱਪਣੀ ਲਿਖੋ।
ਅ. ਪੰਜਾਬੀ ਸੂਫ਼ੀ ਕਾਵਿ ਬਾਰੇ ਨਜ਼ਮ ਹੁਸੈਨ ਸਈਅਦ ਦੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
ੲ. ਪੰਜਾਬੀ ਸੂਫ਼ੀ ਕਵਿਤਾ ਦੇ ਪ੍ਰਤੀਕ ਵਿਧਾਨ ਬਾਰੇ ਟਿੱਪਣੀ ਕਰੋ।
ਸ. ਬੁੱਲ੍ਹੇ ਸ਼ਾਹ ਦੇ ਮੁਰਸ਼ਦ ਬਾਰੇ ਵਿਚਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

4X5=20

Scanned with CamScanner

M.Phil-3(iii)

Roll no..................

**Department of Punjabi**
**University of Delhi**

Name of Examination : M.Phil (April-2019)
Subject : Punjabi
Course : III- Madhkali Punjabi Sahit
Paper :opt. III- Madhkali Punjabi Birtantak Kaav

**Time : 3 Hours** **Maximum Marks :80**

**ਨੋਟ:- ਪਹਿਲੇ ਚਾਰ ਭਾਗਾਂ ਵਿਚੋਂ ਕਿਸੇ ਇਕ-ਇਕ ਪ੍ਰਸ਼ਨ ਦਾ ਉੱਤਰ ਦਿਓ, ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।**

**ਭਾਗ ਪਹਿਲਾ**

1. ਕਿੱਸਾ ਕਾਵਿ ਦੇ ਦਾਰਸ਼ਨਿਕ ਤੇ ਵਿਚਾਰਧਾਰਕ ਪਰਿਪੇਖ ਉਤੇ ਵਿਸਥਾਰ ਸਹਿਤ ਲਿਖੋ।

ਜਾਂ

ਬੀਰ ਕਾਵਿ ਦੇ ਵਿਕਾਸ ਵਿਚ ਪੰਜਾਬ ਦੀ ਸਮਾਜਿਕ ਤੇ ਰਾਜਨੀਤਕ ਸਥਿਤੀ ਦਾ ਕੀ ਰੋਲ ਹੈ?ਚਰਚਾ ਕਰੋ।

**ਭਾਗ ਦੂਜਾ**

2. ਪੰਜਾਬੀ ਕਿੱਸਾ ਕਾਵਿ ਬਾਰੇ ਪ੍ਰਾਪਤ ਸਮੀਖਿਆ ਦਾ ਅਧਿਐਨ ਕਰੋ।

ਜਾਂ

ਪੰਜਾਬੀ ਬੀਰ ਕਾਵਿ ਨਾਲ ਸੰਬੰਧਤ ਸਮੀਖਿਆ ਦਾ ਸਰਵੇਖਣ ਕਰੋ।

**ਭਾਗ ਤੀਜਾ**

3. ਪੰਜਾਬੀ ਕਿੱਸਾ ਕਾਵਿ ਦਾ ਕਾਵਿ-ਸ਼ਾਸਤਰ ਉਲੀਕੋ।

ਜਾਂ

ਪੰਜਾਬੀ ਬੀਰ ਕਾਵਿ ਵਿਚ ਨਾਇਕ ਦਾ ਸੰਕਲਪ ਕਿਹੋ ਜਿਹਾ ਉੱਘੜਦਾ ਹੈ? ਚੰਡੀ ਦੀ ਵਾਰ, ਨਜਾਬਤ ਦੀ ਵਾਰ ਤੇ ਚੱਠਿਆਂ ਦੀ ਵਾਰ ਦੇ ਆਧਾਰ 'ਤੇ ਚਿਤਰਨ ਕਰੋ।

**ਭਾਗ ਚੌਥਾ**

4. ਨਜਾਬਤ ਦੀ ਵਾਰ ਦਾ ਬੀਰ ਕਾਵਿ ਵਿਚ ਸਥਾਨ ਨਿਸ਼ਚਤ ਕਰੋ।

ਜਾਂ

ਹੀਰ ਵਾਰਸ ਵਿਚ ਪੇਸ਼ ਸਮਾਜਿਕ ਵਿਵਸਥਾ ਉਤੇ ਨੋਟ ਲਿਖੋ। **4×15=60**

**ਭਾਗ ਪੰਜਵਾਂ**

**5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।**

ੳ) ਬੀਰ ਕਾਵਿ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਅ) ਕਿੱਸੇ ਵਿਚ ਨਾਇਕ ਦੇ ਸਰੂਪ ਚਿਤਰਨ ਬਾਰੇ ਟਿੱਪਣੀ ਕਰੋ।

ੲ) ਬੀਰ ਕਾਵਿ ਦੇ ਸੱਭਿਆਚਾਰਕ ਪੱਖ ਬਾਰੇ ਸੰਖੇਪ ਵਿਚ ਦੱਸੋ।

ਸ) ਕਿੱਸਾ ਕਾਵਿ ਵਿਚ ਨਾਬਰੀ ਦਾ ਪ੍ਰਵਚਨ ਉੱਸਰਦਾ ਹੈ,ਵਿਚਾਰ ਕਰੋ। **4×5=20**

Scanned with CamScanner

M.Phil-3(v)

Roll no..................

Department of Punjabi
University of Delhi
Name of Examination : M.Phil (May-2019)
Subject : Punjabi
Course : III- Madhkali Punjabi Sahit
Paper : V- Punjabi Sabhiyachar te Lokdhara

**Time : 3 Hours** **Maximum Marks :80**

ਨੋਟ:- ਪਹਿਲੇ ਚਾਰ ਭਾਗਾਂ ਵਿਚੋਂ ਕਿਸੇ ਇਕ-ਇਕ ਪ੍ਰਸ਼ਨ ਦਾ ਉੱਤਰ ਦਿਓ, ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

ਭਾਗ ਪਹਿਲਾ

1. ਸਭਿਆਚਾਰ ਦੇ ਸਿਧਾਂਤਕ ਪੱਖ 'ਤੇ ਰੋਸ਼ਨੀ ਪਾਓ।

ਜਾਂ

ਲੋਕਧਾਰਾ ਤੇ ਲੋਕਧਾਰਾ ਵਿਗਿਆਨ ਵਿਚ ਅੰਤਰ-ਨਿਖੇੜ ਕਰਦੇ ਹੋਏ, ਲੋਕਧਾਰਾ ਦੀ ਪ੍ਰਕਿਰਤੀ ਅਤੇ ਸਰੂਪ ਬਾਰੇ ਦੱਸੋ। 1×15=15

ਭਾਗ ਦੂਜਾ

2. ਲੋਕਧਾਰਾ ਬਾਰੇ ਹੁਣ ਤਕ ਹੋਈ ਸਮੀਖਿਆ ਬਾਰੇ ਆਪਣਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ।

ਜਾਂ

ਲੋਕ ਸਾਹਿਤ ਦੇ ਸੰਕਲਨ ਤੇ ਸੰਪਾਦਨ ਬਾਰੇ ਕਿਸ ਤਰ੍ਹਾਂ ਦੇ ਕਾਰਜ ਹੋਏ ਹਨ? ਵਿਚਾਰ ਪੇਸ਼ ਕਰੋ। 1×15=15

ਭਾਗ ਤੀਜਾ

3. ਪੰਜਾਬੀ ਸਭਿਆਚਾਰ ਦੇ ਨਿੱਖੜਵੇਂ ਪਛਾਣ-ਚਿੰਨ੍ਹਾਂ ਨੂੰ ਚਰਚਾ ਦਾ ਆਧਾਰ ਬਣਾਓ।

ਜਾਂ

ਪੰਜਾਬੀ ਲੋਕਧਾਰਾ ਦੇ ਵਿਭਿੰਨ ਰੂਪਾਂ ਉੱਤੇ ਰੋਸ਼ਨੀ ਪਾਓ। 1×15=15

ਭਾਗ ਚੌਥਾ

4. 'ਸ਼ਗਨਾਂ ਦੇ ਗੀਤ' ਦੀ ਵਿਹਾਰਕ ਪੜ੍ਹਤ ਪੇਸ਼ ਕਰੋ। 1×15=15

ਜਾਂ

'ਲੋਕ-ਵਾਰਤਾ' ਉੱਤੇ ਵਿਸਤ੍ਰਿਤ ਸਮੀਖਿਆ ਨੋਟ ਲਿਖੋ।

ਭਾਗ ਪੰਜਵਾਂ

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

ੳ) ਸਭਿਆਚਾਰ ਵਿਗਿਆਨ ਤੋਂ ਕੀ ਭਾਵ ਹੈ ?

ਅ) ਲੋਕਧਾਰਾ ਦੇ ਖੇਤਰ ਵਿਚ ਈਸਾਈ ਮਿਸ਼ਨਰੀਆਂ ਕੀ ਦੇਣ ਹੈ ?

ੲ) ਵਿਸ਼ਵੀਕਰਨ ਨੇ ਪੰਜਾਬੀ ਸਭਿਆਚਾਰ 'ਤੇ ਕੀ ਪ੍ਰਭਾਵ ਪਾਇਆ ?

ਸ) ਲੋਕ ਸਾਹਿਤ ਬਾਰੇ ਤੁਸੀਂ ਕੀ ਜਾਣਦੇ ਹੋ ? 4×5=20

Scanned with CamScanner

M.PRS-4(i)

Roll no.................

**Department of Punjabi**
**University of Delhi**

Name of Examination : M.Phil (May-2019)
Subject : Punjabi
Course : IV- Adhunik Punjabi Sahit
Paper : I- Adhunik Punjabi Kavita

**Time : 3 Hours** **Maximum Marks :80**

ਨੋਟ:- ਪਹਿਲੇ ਚਾਰ ਭਾਗਾਂ ਵਿਚੋਂ ਕਿਸੇ ਇਕ-ਇਕ ਪ੍ਰਸ਼ਨ ਦਾ ਉੱਤਰ ਦਿਓ, ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

ਭਾਗ ਪਹਿਲਾ

1. ਆਧੁਨਿਕ ਪੰਜਾਬੀ ਕਵਿਤਾ ਦੇ ਦਾਰਸ਼ਨਿਕ ਤੇ ਵਿਚਾਰਧਾਰਕ ਪਰਿਪੇਖ ਉਤੇ ਵਿਸਥਾਰ ਸਹਿਤ ਲਿਖੋ।

ਜਾਂ

ਪ੍ਰਮੁੱਖ ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਉੱਤੇ ਵਿਸਤ੍ਰਿਤ ਨੋਟ ਲਿਖੋ। 1×15=15

ਭਾਗ ਦੂਜਾ

2. ਆਧੁਨਿਕ ਪੰਜਾਬੀ ਕਵਿਤਾ ਬਾਰੇ ਪ੍ਰਾਪਤ ਮਾਰਕਸਵਾਦੀ ਸਮੀਖਿਆ ਦਾ ਵਿਸ਼ਲੇਸ਼ਣ ਕਰੋ।

ਜਾਂ

ਆਧੁਨਿਕ ਪੰਜਾਬੀ ਕਵਿਤਾ ਬਾਰੇ ਪ੍ਰਾਪਤ ਰੂਪਵਾਦੀ ਤੇ ਸੰਰਚਨਾਵਾਦੀ ਸਮੀਖਿਆ ਬਾਰੇ ਆਪਣੇ ਵਿਚਾਰ ਪੇਸ਼ ਕਰੋ। 1×15=15

ਭਾਗ ਤੀਜਾ

3. ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ ਉਲੀਕੋ। 1×15=15

ਜਾਂ

ਨਾਰੀ ਪੰਜਾਬੀ ਕਾਵਿ-ਪ੍ਰਵਚਨ ਉੱਤੇ ਸਮੀਖਿਆਤਮਕ ਨੋਟ ਲਿਖੋ।

ਭਾਗ ਚੌਥਾ

4. 'ਲਾਲੀ' ਕਾਵਿ-ਪੁਸਤਕ ਵਿਚ ਪੇਸ਼ ਦਾਰਸ਼ਨਿਕ ਸਰੋਕਾਰਾਂ ਬਾਰੇ ਚਰਚਾ ਕਰੋ। 1×15=15

ਜਾਂ

'ਕੁਝ ਨਾ ਕਹੋ' ਕਾਵਿ-ਪੁਸਤਕ ਦੀ ਕਾਵਿ-ਦ੍ਰਿਸ਼ਟੀ ਉੱਤੇ ਵਿਸਤ੍ਰਿਤ ਨੋਟ ਲਿਖੋ।

ਭਾਗ ਪੰਜਵਾਂ

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

ੳ) ਆਧੁਨਿਕਤਾਵਾਦ ਤੋਂ ਕੀ ਭਾਵ ਹੈ ?

ਅ) ਪਰਵਾਸੀ ਪੰਜਾਬੀ ਕਵਿਤਾ ਦੇ ਮੁਖ ਸਰੋਕਾਰਾਂ ਤੇ ਟਿੱਪਣੀ ਕਰੋ।

ੲ) ਸਮਕਾਲੀ ਪੰਜਾਬੀ ਕਵਿਤਾ ਦੀ ਕਾਵਿ-ਭਾਸ਼ਾ ਬਾਰੇ ਵਿਚਾਰ ਪੇਸ਼ ਕਰੋ।

ਸ) ਪੰਜਾਬੀ ਦਲਿਤ ਕਾਵਿ ਬਾਰੇ ਤੁਸੀਂ ਕੀ ਜਾਣਦੇ ਹੋ ? 4×5=20

Scanned with CamScanner

M.Phil-4(ii)

Roll No:..........

Department of Punjabi

University of Delhi

Course: M. Phil. Punjabi

Paper: Adhunik Punjabi Sahit

Option: IV (ii) Adhunik Punjabi Galap

(May-2019)

**Time Allowed: 3 Hours** **Maximum Marks: 80**

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

**ਭਾਗ ਪਹਿਲਾ**

1. ਨਾਵਲ ਦੀ ਵਿਧਾ ਦੇ ਸਿਧਾਂਤਕ ਪੱਖ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

ਪੰਜਾਬੀ ਕਹਾਣੀ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਦੇ ਵਿਭਿੰਨ ਝੁਕਾਵਾਂ ਬਾਰੇ ਚਰਚਾ ਕਰੋ। 15

**ਭਾਗ ਦੂਜਾ**

2. ਆਧੁਨਿਕ ਪੰਜਾਬੀ ਨਾਵਲ ਬਾਰੇ ਪ੍ਰਾਪਤ ਥੀਮ ਵਿਗਿਆਨਕ ਸਮੀਖਿਆ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਆਧੁਨਿਕ ਪੰਜਾਬੀ ਕਹਾਣੀ ਬਾਰੇ ਹੁਣ ਤਕ ਹੋਏ ਬਿਰਤਾਂਤ ਸ਼ਾਸਤਰੀ ਅਧਿਐਨ ਬਾਰੇ ਵਿਸਤ੍ਰਿਤ ਟਿੱਪਣੀ ਕਰੋ। 15



Scanned with CamScanner

## ਭਾਗ ਤੀਜਾ

3. ਕੀ ਪੰਜਾਬ ਸੰਕਟ ਨਾਲ ਸੰਬੰਧਿਤ ਪੰਜਾਬੀ ਨਾਵਲ ਇਸ ਸੰਕਟ ਦੇ ਰਾਜਸੀ, ਆਰਥਿਕ, ਸਮਾਜ-ਸਭਿਆਚਾਰਕ ਅਤੇ ਮਨੋਵਿਗਿਆਨਕ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਵਿਚ ਸਫ਼ਲ ਰਿਹਾ ਹੈ ? ਟਿੱਪਣੀ ਕਰੋ।

ਜਾਂ

ਕਿਸਾਨੀ ਸੰਕਟ ਨਾਲ ਸੰਬੰਧਿਤ ਪੰਜਾਬੀ ਕਹਾਣੀ ਵਿਚ ਪੇਸ਼ ਕਿਸਾਨੀ ਸੰਕਟ ਨਾਲ ਸੰਬੰਧਿਤ ਮੂਲ ਸਰੋਕਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 15

## ਭਾਗ ਚੌਥਾ

4. ਬਲਦੇਵ ਸਿੰਘ ਰਚਿਤ ਨਾਵਲ 'ਇੱਕੀਵੀਂ ਸਦੀ' ਦਾ ਸਮਾਜ-ਸਭਿਆਚਾਰਕ ਪੱਖ ਤੋਂ ਅਧਿਐਨ ਕਰੋ।

ਜਾਂ

'ਮੇਪਲ ਦੇ ਰੰਗ' ਕਹਾਣੀ ਸੰਗ੍ਰਿਹ ਵਿਚਲੀ 'ਟਾਵਰਜ਼' ਕਹਾਣੀ ਦੀ ਵਿਹਾਰਕ ਸਮੀਖਿਆ ਕਰੋ। 15

## ਭਾਗ ਪੰਜਵਾਂ

5. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ:

ੳ) ਕਹਾਣੀ ਵਿਧਾ ਦੀਆਂ ਕੋਈ ਦੋ ਪਰਿਭਾਸ਼ਾਵਾਂ ਦਿਓ।

ਅ) ਇਤਿਹਾਸਕ ਪ੍ਰਵਿਰਤੀ ਅਧੀਨ ਲਿਖੇ ਗਏ ਕੋਈ ਪੰਜ ਨਾਵਲਾਂ ਦੇ ਨਾਂ ਲਿਖੋ।

ਸ) 'ਡਾਇਸਪੋਰਾ' ਤੋਂ ਕੀ ਭਾਵ ਹੈ ?

ਹ) ਪੰਜਾਬ ਸੰਕਟ ਨਾਲ ਸੰਬੰਧਿਤ ਕੋਈ ਪੰਜ ਕਹਾਣੀਆਂ ਦੇ ਨਾਂ ਲਿਖੋ।

4 X 5 = 20

Scanned with CamScanner

M.Phil.-4(iii)

Department of Punjabi

University of Delhi

Course: M. Phil. Punjabi

Paper: Adhunik Punjabi Sahit

Option: IV (iii) Adhunik Punjabi Natak

(May-2019)

**Time Allowed: 3 Hours** **Maximum Marks: 80**

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਜ਼ਰੂਰੀ ਹਨ।

**ਭਾਗ -I**

1. 'ਪ੍ਰਾਚੀਨ ਯੂਨਾਨੀ ਨਾਟ-ਸ਼ੈਲੀ ਦਾ ਮੰਚ ਸਰੂਪ ਕਲਾਸਕੀ ਅਤੇ ਲੋਕਧਾਰਾਈ ਤੱਤਾਂ ਵਾਲਾ ਹੈ।' ਇਸ ਕਥਨ ਦੀ ਪੁਸ਼ਟੀ ਕਰੋ।

**ਜਾਂ**

'ਸੰਸਕ੍ਰਿਤ ਨਾਟ-ਸ਼ੈਲੀ' 'ਲੋਕ-ਧਰਮੀ' ਨਾਟ ਸ਼ੈਲੀ ਅਤੇ'ਨਾਟਯ-ਧਰਮੀ'ਨਾਟ-ਸ਼ੈਲੀ ਰਾਹੀਂ ਪ੍ਰਵਾਨ ਚੜ੍ਹਦੀ ਹੈ।' ਚਰਚਾ ਕਰੋ । 15

**ਭਾਗ -II**

2. ਪੰਜਾਬੀ ਨਾਟਕ ਸਬੰਧੀ ਪ੍ਰਾਪਤ ਸਮੀਖਿਆ ਦਾ ਮੁਲਾਂਕਣ ਕਰੋ।

**ਜਾਂ**

ਪੰਜਾਬੀ ਨਾਟਕ ਦੇ ਲੋਕਧਾਰਾਈ ਅਧਿਐਨ ਤੋਂ ਤੁਸੀਂ ਕੀ ਸਮਝਦੇ ਹੋ। ਵਿਸਤ੍ਰਿਤ ਚਰਚਾ ਕਰੋ। 15

**ਭਾਗ -III**

3. ਆਧੁਨਿਕ ਪੰਜਾਬੀ ਨਾਟਕ ਦੇ ਸਮਾਜ ਸਭਿਆਚਾਰਕ ਪਿਛੋਕੜ ਵਿਚ ਵਿਦਮਾਨ ਪਾਰਸੀ ਥੀਏਟਰ ਪਰੰਪਰਾ ਅਤੇ ਨੌਰਾ ਰਿਚਰਡਜ਼ ਦੇ ਯੋਗਦਾਨ ਉੱਤੇ ਰੌਸ਼ਨੀ ਪਾਓ।

**ਜਾਂ**

ਸ਼ਤਾਬਦੀ ਨਾਟਕ ਤੋਂ ਕੀ ਭਾਵ ਹੈ?ਪੰਜਾਬੀ ਸ਼ਤਾਬਦੀ ਨਾਟਕ ਦੇ ਪ੍ਰਸੰਗ ਵਿਚ ਚਰਚਾ ਕਰੋ। 15

**ਭਾਗ -IV**

**4.** ਨਾਟਕ 'ਸੁਪਰਵੀਜ਼ਾ' ਦੀ ਨਾਟ-ਵਸਤੂ ਪਰਵਾਸ ਦੇ ਕਿਸ ਸੰਕਟ ਨੂੰ ਪੇਸ਼ ਕਰਦੀ ਹੈ? ਚਰਚਾ ਕਰੋ।

**ਜਾਂ**

ਨਾਟਕ 'ਪੰਚਨਦ ਦੇ ਪਾਣੀ' ਦੀ ਪਾਠਗਤ ਅਤੇ ਰੰਗ-ਮੰਚੀ ਕਲਾ ਉੱਤੇ ਵਿਸਤ੍ਰਿਤ ਟਿੱਪਣੀ ਕਰੋ। 15

Scanned with CamScanner

ਭਾਗ -V

5. **ਸੰਖੇਪ ਉੱਤਰਾਂ ਵਾਲੇ ਪ੍ਰਸ਼ਨ;**

1. ਪੰਜਾਬੀ ਨੁੱਕੜ ਨਾਟਕ ਦੇ ਰੰਗੀ-ਮੰਚੀ ਪਰਿਪੇਖ ਉਪਰ ਰੌਸ਼ਨੀ ਪਾਓ।
2. ਕਿਸੇ ਦੋ ਮੁੱਢਲੇ ਯਥਾਰਥਵਾਦੀ ਨਾਟਕਕਾਰਾਂ ਬਾਰੇ ਜਾਣਕਾਰੀ ਦਿਓ।
3. ਆਤਮਜੀਤ ਦੇ ਨਾਟਕ 'ਪੰਚਨਦ ਦੇ ਪਾਣੀ' ਵਿਚ ਨਾਟਕੀ-ਟੱਕਰ ਉੱਤੇ ਨੋਟ ਲਿਖੋ।
4. ਨਾਟਕ 'ਸੁਪਰਵੀਜ਼ਾ' ਦੀ ਰੰਗ-ਮੰਚੀ ਯੋਗਤਾ ਬਾਰੇ ਟਿੱਪਣੀ ਕਰੋ।

**4x5=20**

Scanned with CamScanner

1.Phil.-4(iv)

Roll No.............

Department of Punjabi
University of Delhi

Exam : M.Phil. Punjabi
Subject : Punjabi
Paper : Aadhunik Punjabi Vartak
Option : IV- (IV)

Time Allowed: 3 hours

Maximum Marks:80

ਨੋਟ: ਭਾਗ ਪਹਿਲੇ ਤੋਂ ਲੈ ਕੇ ਚੌਥੇ ਤੱਕ ਇੱਕ-ਇੱਕ ਪ੍ਰਸ਼ਨ ਕਰਨਾ ਲਾਜ਼ਮੀ ਹੈ, ਜਦਕਿ ਭਾਗ ਪੰਜਵੇਂ ਦੇ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

### ਭਾਗ ਪਹਿਲਾ

1. ਆਧੁਨਿਕ ਪੰਜਾਬੀ ਵਾਰਤਕ ਦੇ ਸਿਧਾਂਤਕ ਪੱਖ ਬਾਰੇ ਵਿਸਤਾਰ ਵਿਚ ਚਰਚਾ ਕਰੋ। 15

ਜਾਂ

ਆਧੁਨਿਕ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਕਾਰਾਂ ਬਾਰੇ ਜਾਣਕਾਰੀ ਦਿਓ।

### ਭਾਗ ਦੂਜਾ

2. ਆਧੁਨਿਕ ਪੰਜਾਬੀ ਵਾਰਤਕ ਬਾਰੇ ਪ੍ਰਾਪਤ ਸਮੀਖਿਆ ਦੀ ਪੜਚੋਲ ਕਰੋ। 15

ਜਾਂ

ਆਧੁਨਿਕ ਪੰਜਾਬੀ ਵਾਰਤਕ ਦੇ ਅਧਿਐਨ ਵਿਚ ਸ਼ੈਲੀ ਵਿਗਿਆਨਕ ਪਹੁੰਚ ਵਿਧੀ ਦੀ ਭੂਮਿਕਾ ਬਾਰੇ ਚਰਚਾ ਕਰੋ।

### ਭਾਗ ਤੀਜਾ

3. ਪੰਜਾਬੀ ਸਵੈ-ਜੀਵਨੀ ਸਾਹਿਤ ਨੂੰ ਲੈ ਕੇ ਹੋਏ ਅਧਿਐਨ ਬਾਰੇ ਚਰਚਾ ਕਰੋ। 15

ਜਾਂ

ਪੰਜਾਬੀ ਸਫ਼ਰਨਾਮਾ ਨੂੰ ਲੈ ਕੇ ਹੋਏ ਅਧਿਐਨ ਬਾਰੇ ਜਾਣਕਾਰੀ ਦਿਓ।

### ਭਾਗ ਚੌਥਾ

4. ਪੁਸਤਕ 'ਅਲੱੜ ਉਮਰਾਂ ਤਲਖ਼ ਸੁਨੇਹੇ' ਦਾ ਵਿਸ਼ੇਗਤ ਅਧਿਐਨ ਕਰੋ। 15

ਜਾਂ

'ਚੇਤਿਆਂ ਦਾ ਸੰਦੂਕ' ਪੁਸਤਕ ਦੇ ਸਭਿਆਚਾਰਕ ਪੱਖ ਬਾਰੇ ਆਪਣੇ ਵਿਚਾਰ ਪੇਸ਼ ਕਰੋ।

### ਭਾਗ ਪੰਜਵਾਂ

5. ਸੰਖੇਪ ਉਤਰਾਂ ਵਾਲੇ ਪ੍ਰਸ਼ਨ:

ੳ. ਰੇਖਾ-ਚਿੱਤਰ ਦੇ ਸਿਧਾਂਤਕ ਪੱਖ ਬਾਰੇ ਜਾਣਕਾਰੀ ਦਿਓ।

ਅ. ਵਾਰਤਕ ਦੇ ਸ਼ੈਲੀ ਪੱਖ ਬਾਰੇ ਟਿੱਪਣੀ ਕਰੋ।

ੲ. ਪੰਜਾਬੀ ਸਾਹਿਤ ਜਗਤ ਵਿਚ ਚਰਚਿਤ ਕੋਈ ਚਾਰ ਸਫਰਨਾਮਿਆਂ ਦੇ ਨਾਂ ਲਿਖੋ।

ਸ. ਪੰਜਾਬੀ ਦੇ ਪ੍ਰਸਿੱਧ ਨਿਬੰਧ ਲੇਖਕਾਂ ਦੇ ਨਾਂ ਲਿਖੋ। 5×4=20

Scanned with CamScanner